# ਵੀਟਾਨੋਵਾ

*...ਜ਼ਿੰਦਗੀਆਂ ਦੇ ਪੁਨਰ ਨਿਰਮਾਣ ਵਿਚ ਸਹਾਇਕ*

## ਇਤਿਹਾਸ

ਵੀਟਾਨੋਵਾ ਫ਼ਾਊਂਡੇਸ਼ਨ 1987 ਵਿਚ ਫ਼ਰੈਂਕਾ ਡਾਮਿਆਨੀ ਕੈਰੇਲਾ ਨੇ ਸਥਾਪਤ ਕੀਤੀ ਸੀ। ਉਹੀ ਇਸਦੀ ਪਹਿਲੀ ਪ੍ਰਧਾਨ ਸੀ ਜਿਨ੍ਹਾਂ ਨੂੰ 1990 ਵਿਚ ਇਸਦੇ ਐਗਜ਼ੈਕਟਿਵ ਡਾਇਰੈਕਟਰ ਥਾਪਿਆ ਗਿਆ ਸੀ।

PDF Created with deskPDF PDF W

ਵੀਟਾਨੋਵਾ ਨੂੰ ਓਨਟੈਰੀਓ ਦੀ ਸੂਬਾ ਸਰਕਾਰ ਨੇ 1988 ਵਿਚ ਮੁਨਾਫ਼ਾ-ਰਹਿਤ ਕਾਰਪੋਰੇਸ਼ਨ ਵਜੋਂ ਅਧਿਕਾਰ-ਪਤਰ ਦੇ ਦਿੱਤਾ ਸੀ ਅਤੇ ਰੈਵੀਨਿਊ ਕੈਨੇਡਾ (ਹੁਣ ਕੈਨੇਡਾ ਕਸਟਮਜ਼ ਤੇ ਰੈਵੀਨਿਊ ਏਜੰਸੀ ) ਨੇ 1989 ਵਿਚ ਇਸ ਨੂੰ ਖ਼ੈਰੈਤੀ ਸੰਸਥਾ ਦਾ ਦਰਜਾ ਪ੍ਰਦਾਨ ਕਰ ਦਿਤਾ ਸੀ (ਰਜਿਸਟਰੇਸ਼ਨ ਨੰ: 124239054 ਆਰ ਆਰ 0001)। 1992 ਤੋਂ ਇਸ ਦੇ ਮੂਲ ਪ੍ਰੋਗ੍ਰਾਮ ਲਈ ਫ਼ੰਡ ਓਨਟੈਰੀਓ ਦੇ ਹੈਲੱਥ ਤੇ ਲਾਂਗ ਕੇਅਰ ਮੰਤਰਾਲੇ ਵਲੋਂ ਦਿੱਤੇ ਜਾ ਰਹੇ ਹਨ। ਇਹਨਾਂ ਫ਼ੰਡਾਂ ਵਿਚ ਅਗੋਂ ਹੋਰ ਵਾਧਾ ਦਾਨ ਇੱਕਠੇ ਕਰਨ ਦੀਆਂ ਸਰਗਰਮੀਆਂ ਤੇ ਨਿੱਜੀ ਚੰਦਿਆਂ ਰਾਹੀਂ ਕੀਤਾ ਜਾਂਦਾ ਹੈ। 1995 ਵਿਚ ਵੀਟਾਨੋਵਾ ਨੂੰ ਉਸਦੇ ਹੁਣ ਵਾਲੇ ਭਵਨ ਵਿਚ ਬਦਲ ਦਿੱਤਾ ਗਿਆ। 1350 ਮੁਰੱਬਾ ਮੀਟਰ (15000 ਮੁਰੱਬਾ ਫ਼ੁੱਟ) ਦਾ ਇਹ ਭਵਨ ਪਹਿਲਾਂ ਨਿੱਜੀ ਨਿਵਾਸ ਅਸਥਾਨ ਹੁੰਦਾ ਸੀ ਤੇ 3.2 ਹੈਕਟੇਅਰ (8 ਏਕੜ) ਪੇਂਡੂ ਰਕਬੇ ਵਿਚ ਸਥਿੱਤ ਹੁੰਦਾ ਸੀ। ਹੁਣ ਇਸਨੂੰ ਸੰਸਥਾਨਕ ਵਰਤੋਂ ਵਿਚ ਬਦਲ ਦਿੱਤਾ ਗਿਆ ਹੈ।

## ਉਦੇਸ਼

ਜ਼ਿੰਦਗੀਆਂ ਦੇ ਪੁਨਰ ਨਿਰਮਾਣ ਵਿਚ ਸਹਾਇਤਾ।

## ਆਦਰਸ਼

ਇਕ ਅਜਿਹੀ ਸਿਹਤਮੰਦ ਕਮਿਊਨਿਟੀ ਦੀ ਸਿਰਜਣਾ, ਜਿਹੜੀ ਹਰ ਪਿਛੋਕੜ ਵਾਲੇ ਉਹਨਾਂ ਵਿਅਕਤੀਆਂ ਤੇ ਪਰਿਵਾਰਾਂ ਉੱਤੇ ਸਮਿਲਤ ਹੋਵੇ ਜੋ ਆਪਣੇ ਆਪ ਲਈ ਆਦਰ ਤੇ ਹੋਰਨਾਂ ਲਈ ਸਤਿਕਾਰ ਰਖਦਿਆਂ ਹੋਇਆਂ ਜਿਉਣ, ਕੰਮ ਕਰਨ ਤੇ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਮਾਨਣ ਵਿਚ ਯਕੀਨ ਰਖਦੇ ਹੋਣ।

## ਮੰਤਵ

ਇਕ ਅਜਿਹੇ ਕੇਂਦਰ ਦਾ ਸੰਚਾਲਨ, ਜਿਸ ਵਿਚ ਤੇ ਜਿਥੋਂ ਅਜਿਹੇ ਲੋਕਾਂ ਨੂੰ ਨਿਵਾਰਕ ਤੇ ਬਹਾਲੀ ਸੇਵਾਵਾਂ ਸਿਲਸਲੇਵਾਰ ਪ੍ਰਾਪਤ ਹੁੰਦੀਆਂ ਰਹਿਣ, ਜਿਹੜੇ ਨਸ਼ਿਆਂ ਦੀ ਆਦਤ ਤੋਂ ਪੀੜਤ ਹੋਣ ਜਾਂ ਜਿਨ੍ਹਾਂ ਨੂੰ ਅਜਿਹੀ ਆਦਤ ਦੇ ਸ਼ਿਕਾਰ ਹੋਣ ਦਾ ਖ਼ਤਰਾ ਹੋਵੇ।

ਨਸ਼ਿਆਂ ਦੀ ਆਦਤ ਦੇ ਵਰਤਾਰੇ ਤੇ ਇਸ ਨਾਲ ਸਬੰਧਤ ਦਿਮਾਗੀ ਸਿਹਤ ਸਮਸਿਆਵਾਂ ਬਾਰੇ ਆਮ ਗਿਆਨ ਵਿਚ ਵਾਧੇ ਰਾਹੀਂ ਕਮਿਊਨਿਟੀ ਵਿਕਾਸ ਵਿਚ ਉਨਤੀ।

ਆਪਣੇ ਸੇਵਾ-ਵਰਤੋਂਕਾਰ (ਕਲਾਇੰਟਸ) ਦੇ ਜੀਵਨ ਤੇ ਕਿੱਤਾ ਹੁਨਰਾਂ ਵਿਚ ਵਾਧਾ ਤਾਂ ਜੋ ਉਹ ਕਮਿਊਨਿਟੀ ਦੇ ਉਪਜਾਊ ਮੈਂਬਰ ਬਣੇ ਰਹਿਣ ਲਈ ਸਿਹਤਮੰਦ ਹੋ ਜਾਣ ਜਾਂ ਬਣੇ ਰਹਿਣ।

## ਇਲਾਜ ਫ਼ਲਸਫ਼ਾ

**ਪਰਹੇਜ਼ ਅਧਾਰਤ**: ਇਸ ਦੀ ਬੁਨਿਆਦੀ ਲੋੜ ਇਹ ਹੈ ਕਿ ਨਸ਼ਿਆਂ ਦੀ ਆਦਤ ਤੋਂ ਛੁਟਕਾਰੇ ਲਈ ਉਹਨਾਂ ਸਾਰੀਆਂ ਗਲਾਂ ਤੋਂ ਸੰਕੋਚ ਵਰਤਿਆ

PDF Created with deskPDF PDF W

ਜਾਏ, ਜਿਹੜੀਆਂ ਨਸ਼ਿਆਂ ਦੀ ਆਦਤ ਲਈ ਉਕਸਾਊ ਸਾਬਤ ਹੁੰਦੀਆਂ ਹੋਣ। ਇਸ ਦਾ ਅਰਥ ਇਹ ਹੈ ਸ਼ਰਾਬ ਤੇ ਨਸ਼ੀਲੀਆਂ ਵਸਤਾਂ ਦੀ ਆਦਤ ਦੇ ਸਬੰਧ ਵਿਚ ਮਨੋ-ਸਥਿਤੀਆਂ ਨੂੰ ਬਦਲਣ ਵਾਲੀਆਂ (ਮੂਡ-ਆਲਟਰਿੰਗ) ਦਵਾਈਆਂ ਦੀ ਵਰਤੋਂ ਦੀ ਵੀ ਮਨਾਹੀ ਹੋਵੇਗੀ- ਸਿਵਾਏ ਉਹਨਾਂ ਕੁਝ ਇਕ ਮਾਮਲਿਆਂ ਦੇ ਜਿਨ੍ਹਾਂ ਵਿਚ ਕਿਸੇ ਡਾਕਟਰ ਨੇ ਅਜਿਹੀਆਂ ਦਵਾਈਆਂ ਤਜਵੀਜ਼ ਕਰ ਰਖੀਆਂ ਹੋਣ।

**ਖ਼ੈਰੈਤੀ: ਹਰ ਪਖੋਂ ਮੁਫ਼ਤ**

**ਸੇਵਾ ਵਰਤੋਂਕਾਰ ਕੇਂਦਰਤ:** ਇਸ ਸੰਸਥਾ ਦੇ ਸਾਰੇ ਯਤਨਾਂ ਦਾ ਕੇਂਦਰੀ ਨੁਕਤਾ ਕਿਸੇ ਵੀ ਵਿਅਕਤੀ ਨੂੰ ਇਸ ਸਮਰਥ ਬਨਾਉਣਾ ਹੈ ਕਿ ਉਹ ਕਿਸੇ ਵੀ ਜਿਉਂਦੇ ਜਾਗਦੇ ਪਰਿਵਾਰ ਦਾ ਕਦਰਯੋਗ ਜੀਅ ਬਣ ਸਕੇ ਅਤੇ ਸਮੁਚੀ ਕਮਿਊਨਿਟੀ ਦੀ ਜ਼ਿੰਦਗੀ ਵਿਚ ਠੋਸ ਹਿੱਸਾ ਪਾ ਸਕੇ।

**ਉਚਿਤ ਲਾਗਤ:** ਸਾਡੇ ਪ੍ਰੋਗਰਾਮ ਦਾ ਮੂਲ ਤੱਤ ਰਿਹਾਇਸ਼ੀ ਇਲਾਜ ਨਹੀਂ ਸਗੋਂ ਦਿਨ ਦਾ ਇਲਾਜ ਹੈ, ਭਾਵੇਂ ਠੀਕ ਹੋ ਰਹੇ ਕੁਝ ਇਕ ਲੋਕਾਂ ਲਈ ਰਿਹਾਇਸ਼ੀ ਇਲਾਜ ਜ਼ਰੂਰੀ ਹੁੰਦਾ ਹੈ ਪਰ ਸਾਰਿਆਂ ਨੂੰ ਇਸਦੀ ਲੋੜ ਨਹੀਂ ਹੁੰਦੀ।

**ਸਭਿਆਚਾਰਕ ਪਖੋਂ ਸੰਵੇਦਨਸ਼ੀਲ**: ਇਸ ਦਾ ਆਧਾਰ ਇਹ ਵਿਸ਼ਵਾਸ ਹੈ ਕਿ ਅੰਗ੍ਰੇਜ਼ੀ ਜਾਂ ਫ਼ਰੈਂਚ ਤੋਂ ਇਲਾਵਾ ਹੋਰ ਜ਼ਬਾਨਾਂ ਬੋਲਣ ਵਾਲੀਆਂ ਕਮਿਊਨਿਟੀਆਂ ਲਈ ਵਿਸ਼ੇਸ਼ ਕਿਸਮ ਦੀ ਦੇਖ ਭਾਲ ਜ਼ਰੂਰੀ ਹੈ, ਅਜਿਹੀ ਦੇਖ ਭਾਲ ਜਿਹੜੀ ਨਾ ਕੇਵਲ ਅਜਿਹੀਆਂ ਕਮਿਊਨਿਟੀਆਂ ਦੇ ਪਿਛੋਕੜ ਨੂੰ ਧਿਆਨ ਵਿਚ ਰਖਦੀ ਹੈ ਸਗੋਂ ਪਰਿਵਾਰ ਅਤੇ/ਜਾਂ ਕਮਿਊਨਿਟੀ ਦੇ ਮੈਂਬਰਾਂ ਦੀ ਸਰਗਰਮ ਸ਼ਮੂਲੀਅਤ ਤੇ ਹਮਾਇਤ ਦੀ ਮੰਗ ਕਰਦੀ ਹੈ। ਇਸ ਪਖੋਂ ਵੀਟਾਨੋਵਾ ਵਲੋਂ ਆਪਣੀਆਂ ਸੇਵਾਵਾਂ ਕਈ ਇਕ ਭਾਸ਼ਾਵਾਂ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ।

**ਸੰਪੂਰਨ ਇਲਾਜ:** ਇਹ ਇਲਾਜ ਸੇਵਾ ਵਰਤੋਂਕਾਰ ਗਰੁਪਾਂ ਦੀਆਂ ਉਭਰਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਲੀਕਿਆ ਗਿਆ ਹੈ। ਇਸ ਸਬੰਧ ਵਿਚ ਵੀਟਾਨੋਵਾ ਇਲਾਜ ਮਾਡਲ (ਜਿਹੜਾ ਇਕੱਲੇ ਇਕੱਲੇ ਵਿਅਕਤੀ ਨਾਲ ਆਹਮੋ ਸਾਹਮਣੇ ਕੌਂਸਲਿੰਗ ਦੀਆਂ ਸੇਵਾਵਾਂ ਨਾਲ ਸ਼ੁਰੂ ਹੋਇਆ ਸੀ) ਇਕ ਅਜਿਹੇ ਵਿਆਪਕ ਪ੍ਰੋਗਰਾਮ ਦਾ ਰੂਪ ਧਾਰਨ ਕਰ ਗਿਆ ਹੈ ਜਿਹੜਾ ਸ਼ੁਰੂ ਹੁੰਦਾ ਹੈ ਡੂੰਘੀ ਘੋਖ ਪਰਖ ਨਾਲ ਅਤੇ ਅਗੇ ਵਧਦਾ ਹੈ ਇਲਾਜ ਤੇ ਮੁੜ ਬਹਾਲੀ ਵੱਲ (ਸਣੇ ਜੀਵਨ ਤੇ ਕਿਤਾ ਸਕਿਲਜ਼ ਦੀ ਸਿਖਲਾਈ ਦੇ) ਤੇ ਸਮਾਪਤ ਹੁੰਦਾ ਹੈ ਲਗਾਤਾਰ ਸੰਪਰਕ ਕਾਇਮ ਰਖਣ ਨਾਲ।

*ਨੋਟ: ਵੀਟਾਨੋਵਾ ਦਾ ਨਿਸ਼ਾਨਾ ਉਹਨਾਂ ਸਾਰਿਆਂ ਨੂੰ ਸੇਵਾਵਾਂ ਪ੍ਰਦਾਨ ਕਰਨਾ ਹੈ, ਜਿਹੜੇ ਇਹਨਾਂ ਦੀ ਮੰਗ ਕਰਨ। ਜਦੋਂ ਇਹ ਸੰਸਥਾ ਆਪਣੀ ਪੂਰੀ ਸਮਰਥਾ ਨਾਲ ਕੰਮ ਕਰ ਰਹੀ ਹੋਵੇ ਜਾਂ ਜਦੋਂ ਦਾਖ਼ਲਾ ਕਿਸੇ ਕਾਰਨ ਉਚਿੱਤ ਨਾ ਹੋਵੇ ਤਾਂ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਬੰਧਤ ਵਿਅਕਤੀਆਂ ਨੂੰ ਅਜਿਹੇ ਬਰਾਬਰ ਦੇ ਪ੍ਰੋਗਰਾਮਾਂ ਨਾਲ ਜੋੜਿਆ ਜਾਏ ਜਿਹੜੇ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਯੋਗ ਹੋਣ।*

PDF Created with deskPDF PDF W

# ਸੇਵਾਵਾਂ ਦੀ ਸਿਲਸਲੇਵਾਰ ਵਿਵਸਥਾ

**ਮੁਢਲੀ ਰੋਕਥਾਮ:** ਕਮਿਊਨਿਟੀ ਆਊਟਰੀਚ (ਸਿੱਧਾ ਸੰਪਰਕ) ਤੇ ਸਿਖਿਆ

**ਦੂਜੇ ਪੜਾਅ ਦੀ ਰੋਕ ਥਾਮ:** ਮੁਢਲੇ ਪੜਾਅ ਉੱਤੇ ਦਖ਼ਲ, ਸੰਕਟ ਸਮੇਂ ਦਖ਼ਲ, ਕਾਰਜਕਰਤਾ ਰਾਹੀਂ ਸਹਾਇਤਾ

**ਪ੍ਰੀਚੈ ਤੇ ਮੁਲਾਂਕਣ:** ਨਸ਼ਿਆਂ ਦੀ ਆਦਤ ਦਾ ਮੁਲਾਂਕਣ, ਪ੍ਰੀ-ਸੈਂਟੈਂਸ ਤੇ ਪ੍ਰੀ-ਡਿਸਪੋਜ਼ੀਸ਼ਨ ਮੁਲਾਂਕਣ, ਕੇਸ ਮੈਨੇਜਮੈਂਟ ਤੇ ਰੈਫ਼ਰਲ (ਹੋਰਨਾਂ ਸੇਵਾਵਾਂ ਤੱਕ ਪਹੁੰਚ ਲਈ ਸਹਾਇਤਾ)

**ਤੀਜੇ ਪੜਾਅ ਦਾ ਦਖ਼ਲ:** ਵਿਅਕਤੀਗਤ ਕੌਂਸਲਿੰਗ, ਗਰੁਪ ਕੌਂਸਲਿੰਗ, ਪਰਿਵਾਰਕ/ਵਿਆਹ/ਦੰਪਤੀ ਬਾਰੇ ਕੌਂਸਲਿੰਗ, ਗੁੱਸੇ ਉੱਤੇ ਕਾਬੂ ਪਾਉਣ ਦੀ ਵਿਧੀ, ਤੰਦਰੁਸਤੀ ਟਰੇਨਿੰਗ, ਮਨੋਰੰਜਨ, ਕੰਮ ਇਲਾਜ, ਕਲਾ ਤੇ ਦਸਤਕਾਰੀ, ਜੀਵਨ ਤੇ ਕਿਤਾ ਹੁਨਰ ਟਰੇਨਿੰਗ, ਆਮ ਜ਼ਿੰਦਗੀ ਵਿਚ ਮੁੜ ਤੋਂ ਪਰਵੇਸ਼, ਕਾਨੂੰਨੀ ਸਹਾਇਤਾ/ਮਸ਼ਵਰਾ, ਸਿਹਤ ਤੇ ਸਿਹਤਮੰਦ ਖ਼ੁਰਾਕ ਬਾਰੇ ਕੌਂਸਲਿੰਗ, ਰਿਹਾਇਸ਼ੀ ਆਸਰਾ

**ਨਿਰੰਤਰ ਦੇਖਭਾਲ:** ਅਗਲੇਰੇ ਪੜਾਅ ਦੀ ਕੌਂਸਲਿੰਗ, ਮੁੜ ਤੋਂ ਵਿਗਾੜ ਦੀ ਰੋਕਥਾਮ, (ਸਣੇ ਪੋਸਟ-ਕਾਰਸੀਰਲ ਦੇ) ਵਿਦਿਆ ਪ੍ਰਾਪਤੀ ਦਾ ਪ੍ਰਬੰਧ, ਕੰਮਾਂ ਦੀ ਭਾਲ ਤੇ ਪ੍ਰਬੰਧ, ਅੰਤਰਮ ਰਿਹਾਇਸ਼ ਤੇ ਸਹਾਇਕ ਕੌਂਸਲਿੰਗ

**ਹੋਰਨਾਂ ਸੇਵਾਵਾਂ (ਰੈਫ਼ਰਲ) ਰਾਹੀ ਸੇਵਾ: ਦਿਮਾਗ਼ ਨੂੰ ਪੁਜੇ ਨੁਕਸਾਨ ਬਾਰੇ ਮੁਲਾਂਕਣ, ਡੂਅਲ ਡਾਇਗਨਾਸਿਜ਼, ਜ਼ਹਿਰੀਲੇ ਅਸਰਾਂ ਤੋਂ ਨਿਜਾਤ, ਥੋਹੜੀ ਤੇ ਲੰਮੀਂ ਮੁਦੱਤ ਲਈ ਰਿਹਾਇਸ਼ੀ ਮੁੜ-ਬਹਾਲੀ, ਇਲਾਜ ਬਾਰੇ ਮੁਲਾਂਕਣ**

*ਨੋਟ: ਵੀਟਾਨੋਵਾ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸਾਰੀਆਂ ਸੇਵਾਵਾਂ ਦਾ ਪੂਰਾ ਵੇਰਵਾ ਸਾਡੇ ਇਨਟੈਗਰੇਟਿਡ ਅਡਿਕਸ਼ਨ ਸਰਵਿਸ ਡਲਿਵਰੀ ਪਲੈਨ ਵਿਚ ਦਿੱਤਾ ਗਿਆ ਹੈ, ਜਿਹੜਾ ਸਾਡੀ ਵੈਬਸਾਈਟ, www.vitanova.on.ca ਉੱਤੇ ਤਕਿਆ ਜਾ ਸਕਦਾ ਹੈ ("enter" ਨੂੰ ਦਬਾਓ, ਫੇਰ ਤਤਕਰੇ ਵਿਚ ਦਰਜ "Program Model" ਉੱਤੇ ਕਲਿਕ ਕਰੋ) ਇਹ ਪਲੈਨ ਪ੍ਰੋਗਰਾਮ ਲੌਜਿਕ ਮਾਡਲ ਉੱਤੇ ਆਧਾਰਤ ਹੈ ਜਿਸਨੂੰ ਸਿਮਕੋ-ਯਾਰਕ ਡਿਸਟਰਿਕਟ ਹੈਲਥ ਕੌਂਸਲ ਨੇ ਅਪਣਾਇਆ ਸੀ। ਇਹ ਕੌਂਸਲ ਆਪਣੇ ਕਾਰਜ ਖੇਤਰ ਵਿਚ, ਜਿਸ ਵਿਚ ਵੀਟਾਨੋਵਾ ਵੀ ਸ਼ਾਮਲ ਸੀ 2005 ਤੱਕ ਸਿਹਤ ਸੇਵਾਵਾਂ ਨੂੰ ਪ੍ਰਦਾਨ ਕਰਨ ਦੀ ਵਿਉਂਤਬੰਦੀ ਲਈ ਓਨਟੈਰੀਓ ਮਨਿਸਟਰੀ ਆਫ਼ ਹੈਲਥ ਅਤੇ ਲਾਂਗ ਟਰਮ ਕੇਅਰ ਪ੍ਰਤੀ ਜ਼ਿਮੇਵਾਰ ਸੀ।*

# ਵੀਟਾਨੋਵਾ ਫ਼ਾਊਂਡੇਸ਼ਨ ਬਾਰੇ ਅਕਸਰ ਪੁਛੇ ਜਾਂਦੇ ਕੁਝ ਸਵਾਲ

**1. ਕੀ ਵੀਟਾਨੋਵਾ ਕਿਸੇ ਹੋਰ ਜਥੇਬੰਦੀ ਦਾ ਹਿੱਸਾ ਹੈ?**

PDF Created with deskPDF PDF W

ਭਾਵੇਂ ਵੀਟਾਨੋਵਾ ਕਈ ਹੋਰ ਏਜੰਸੀਆਂ ਨਾਲ ਮਿਲਕੇ ਕੰਮ ਕਰਦੀ ਹੈ, ਤਾਂ ਵੀ ਇਹ ਇਕ ਸੁਤੰਤਰ, ਮੁਨਾਫ਼ਾ-ਰਹਿਤ ਕਾਰਪੋਰੇਸ਼ਨ ਹੈ ਜਿਸਦਾ ਪ੍ਰਬੰਧ ਇਸਦਾ ਆਪਣਾ ਬੋਰਡ ਆਫ਼ ਡਾਇਰੈਕਟਰਜ਼ ਚਲਾਉਂਦਾ ਹੈ ਤੇ ਜਿਸਦੀਆਂ ਸੇਵਾਵਾਂ ਸਵੈ-ਇਛਤ ਹਨ।

## 2. ਤੁਹਾਡੇ ਸੇਵਾ ਵਰਤੋਂਕਾਰ ਕੌਣ ਹਨ?

ਵੀਟਾਨੋਵਾ ਵਖ ਵਖ ਉਮਰ ਦੇ ਸਾਰੇ ਗਰੁਪਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ- ਨਸ਼ਿਆਂ ਦੇ ਆਦੀ ਲੋਕਾਂ ਦੇ 4 ਸਾਲ ਤੱਕ ਦੇ ਛੋਟੀ ਉਮਰ ਦੇ ਬਚਿਆਂ ਤੋਂ ਲੈਕੇ ਸੀਨੀਅਰਜ਼ ਜਾਂ ਬਜ਼ੁਰਗਾਂ ਤੱਕ-ਤਾਂ ਵੀ ਇਸਦੇ ਸੇਵਾ-ਵਰਤੋਂਕਾਰਾਂ ਦੀ ਵਡੇਰੀ ਗਿਣਤੀ ਦੋਹਾਂ ਲਿੰਗਾਂ ਦੇ ਕਿਸ਼ੋਰ ਉਮਰ ਦੇ ਲੋਕਾਂ ਤੇ ਜਵਾਨ ਬਾਲਗਾਂ ਉੱਤੇ ਸਮਿਲਤ ਹੈ।

## 3. ਤੁਹਾਡੀ ਫ਼ੀਸ ਕਿੰਨੀ ਹੈ?

ਸਾਡੇ ਸਰਪ੍ਰਸਤਾਂ, ਮਦਦਗਾਰਾਂ ਤੇ ਦਾਨੀਆਂ ਦੀ ਉਦਾਰ ਸਹਾਇਤਾ ਉਹਨਾਂ ਫ਼ੰਡਾਂ ਵਿਚ ਵਾਧੇ ਦਾ ਵਡਮੁਲਾ ਸੋਮਾ ਹੈ, ਜਿਹੜੇ ਸਾਨੂੰ ਓਨਟੈਰੀਓ ਮਨਿਸਟਰੀ ਆਫ਼ ਹੈਲਥ ਅਤੇ ਲਾਂਗ ਟਰਮ ਕੇਅਰ ਵਲੋਂ ਮਿਲ ਰਹੇ ਹਨ। ਇਸਦੇ ਸਦਕਾ ਸਾਡੀਆਂ ਸਾਰੀਆਂ ਸੇਵਾਵਾਂ ਮੁਫ਼ਤ ਹਨ।

## 4. ਕੀ ਇਲਾਜ ਗੁਪਤ ਰਖਿਆ ਜਾਂਦਾ ਹੈ?

ਜੀ ਹਾਂ, ਕਿਸੇ ਵੀ ਸੇਵਾ-ਵਰਤੋਂਕਾਰ ਬਾਰੇ ਉਕਾ ਕੋਈ ਜਾਣਕਾਰੀ ਜ਼ਾਹਰ ਨਹੀਂ ਕੀਤੀ ਜਾਏਗੀ ਜੱਦ ਤੱਕ ਕੋਈ ਸੇਵਾ-ਵਰਤੋਂਕਾਰ ਇਸ ਬਾਰੇ ਸਪਸ਼ਟ ਆਗਿਆ ਨਾ ਦੇਵੇ।

## 5. ਦਾਖਲੇ ਲਈ ਤੁਹਾਡਾ ਮਾਪ ਤੋਲ ਕੀ ਹੈ?

ਸਾਡਾ ਮਾਪ ਤੋਲ ਕੇਵਲ ਇਕ ਹੀ ਹੈ- ਨਸ਼ਿਆ ਤੋਂ ਮੁਕਤ ਜ਼ਿਦਗੀ ਜਿਉਣ ਦਾ ਇਰਾਦਾ।

## 6. ਮੈਂ ਵੀਟਾਨੋਵਾ ਬਾਰੇ ਹੋਰ ਜਾਣਕਾਰੀ ਕਿਵੇਂ ਲੈ ਸਕਦਾ ਹਾਂ?

ਸਾਡੇ ਨਾਲ ਗਲ ਕਰਕੇ ਅਤੇ ਸਾਡੇ ਕੋਲ ਆਉਣ ਦਾ ਸਮਾਂ ਲੈਕੇ ਜਾਂ ਸਾਡੇ ਵੈਬ ਸਾਈਟ---www.vitanova.on.ca---ਉੱਤੇ ਜਾਕੇ। ਇਸ ਵੈਬ ਸਾਈਟ ਤੇ ਤੁਸੀਂ ਸਾਡੇ ਕੇਂਦਰ ਦੀਆਂ ਫ਼ੋਟੋਆਂ ਦੇਖ ਸਕਦੇ ਹੋ ਤੇ ਜੋ ਕੁਝ ਅਸੀਂ ਕਰ ਰਹੇ ਹਾਂ, ਉਸ ਬਾਰੇ ਵਧੇਰੇ ਕੁਝ ਪੜ੍ਹ ਸਕਦੇ ਹੋ। 10 ਸਾਲ ਦੀ ਸਾਡੀ ਕਾਰਗੁਜ਼ਾਰੀ ਅਤੇ ਇਲਾਜ ਬਾਰੇ ਵਿਆਪਕ ਲੇਖ ਤੁਸੀਂ ਹੇਠ ਲਿਖੀਆਂ ਸਾਈਟਾਂ ਉੱਤੇ ਪੜ੍ਹ ਸਕਦੇ ਹੋ:

http://vitanova.on.ca/article1997_1.htm
http://vitanova.on.ca/article2000_4.htm

PDF Created with deskPDF PDF W

PDF Created with deskPDF PDF W